# ਅਕਾਦਮਿਕ ਸਾਲ-2024-25
# ਇਤਿਹਾਸ
# ਸ਼੍ਰੇਣੀ-ਬਾਰ੍ਹਵੀਂ
# ਮਾਡਲ ਟੈਸਟ ਪੇਪਰ
# (ਵਿਲੱਖਣ ਸਮੱਰਥਾ ਵਾਲੇ ਵਿਦਿਆਰਥੀਆਂ ਲਈ)

**ਸਮਾਂ: 3 ਘੰਟੇ** **ਕੁੱਲ ਅੰਕ: 80**

(i) ਪ੍ਰਸ਼ਨ ਪੱਤਰ 4 ਭਾਗਾਂ (ੳ,ਅ,ੲ,ਸ) ਵਿੱਚ ਵੰਡਿਆ ਗਿਆ ਹੈ।

(ii) ਭਾਗ-ੳ ਪ੍ਰਸ਼ਨ ਨੰਬਰ 1 ਦੇ 20 ਉਪ-ਭਾਗ ਹਨ। ਹਰ ਪ੍ਰਸ਼ਨ 2ਅੰਕ ਦਾ ਹੈ।

(iii) ਭਾਗ-ਅ ਪ੍ਰਸ਼ਨ ਨੰਬਰ 2 ਦੇ 10 ਉਪ- ਭਾਗ ਹਨ। ਹਰ ਪ੍ਰਸ਼ਨ 2 ਅੰਕ ਦਾ ਹੈ।

(iv) ਭਾਗ-ੲ ਪ੍ਰਸ਼ਨ ਨੰਬਰ 3 ਸਰੋਤ ਆਧਾਰਿਤ ਪ੍ਰਸ਼ਨ ਹੈ, ਜੋ 8 ਅੰਕਾਂ ਦਾ ਹੈ। ਇਸ ਦੇ 4 ਪ੍ਰਸ਼ਨ ਹਨ ਅਤੇ ਹਰ ਪ੍ਰਸ਼ਨ 2 ਅੰਕ ਦਾ ਹੈ।

(v) ਭਾਗ-ਸ ਪ੍ਰਸ਼ਨ ਨੰਬਰ 4 ਦੇ 8 ਉਪ- ਭਾਗ ਹਨ, ਕੁਲ 4 ਪ੍ਰਸ਼ਨ ਕਰਨੇ ਹਨ। ਹਰ ਪ੍ਰਸ਼ਨ ਦਾ ਉੱਤਰ 30 – 40ਸ਼ਬਦਾਂ ਵਿੱਚ ਦੇਣਾ ਹੈ।ਹਰ ਪ੍ਰਸ਼ਨ 3 ਅੰਕ ਦਾ ਹੈ।

ਦੇਖਣ ਤੋਂ ਅਸਮੱਰਥ ਪ੍ਰੀਖਿਆਰਥੀਆਂ ਲਈ ਨਕਸ਼ੇ ਦੀ ਥਾਂ ਤੇ ਸਥਾਨਾਂ ਬਾਰੇ ਵਿਕਲਪਿਕ ਪ੍ਰਸ਼ਨ ਪੁੱਛਿਆ ਜਾਵੇਗਾ। ਇਸ ਪ੍ਰਸ਼ਨ ਵਿੱਚ 100% ਆਂਤਰਿਕ ਛੋਟ ਹੋਵੇਗੀ ।

## ਭਾਗ (ੳ) ਬਹੁ-ਵਿਕਲਪੀ ਪ੍ਰਸ਼ਨ

**1. ਸਹੀ ਵਿਕਲਪ ਦੀ ਚੋਣ ਕਰੋ।ਸਾਰੇ ਪ੍ਰਸ਼ਨ ਜਰੂਰੀ ਹਨ।** **2x20= 40**

(i) ਬਿਸਤ ਦੁਆਬ____________ ਅਤੇ ____________ਨਦੀਆਂ ਵਿਚਕਾਰਲੇ ਖੇਤਰ ਨੂੰ ਕਿਹਾ ਜਾਂਦਾ ਹੈ।

(ੳ) ਬਿਆਸ,ਸਤਲੁਜ (ਅ) ਸਤਲੁਜ, ਰਾਵੀ

(ੲ) ਰਾਵੀ, ਚਨਾਬ (ਸ) ਚਨਾਬ, ਬਿਆਸ

(ii) ਸਿੱਖਾਂ ਦੀ ਭਗਤ ਮਾਲਾ ਗ੍ਰੰਥ ਦੀ ਰਚਨਾ ਕਿਸ ਨੇ ਕੀਤੀ?

(ੳ) ਭਾਈ ਮਨੀ ਸਿੰਘ (ਅ) ਬੂਟੇ ਸ਼ਾਹ

(ੲ) ਅਬੁਲ ਫ਼ਜ਼ਲ (ਸ) ਰਤਨ ਸਿੰਘ ਭੰਗੂ

(iii) ਸ਼੍ਰੀ ਗੁਰੂ ਨਾਨਕ ਦੇਵ ਜੀ ਸਬੰਧੀ ਕਿਹੜਾ ਵਾਕ ਸਹੀ ਨਹੀਂਹੈ?

(ੳ) ਜਨਮ ----- (i) ਰਾਏ ਭੋਏ ਦੀ ਤਲਵੰਡੀ

(ਅ) ਨੌਕਰੀ ----- (ii) ਸੁਲਤਾਨਪੁਰ ਲੋਧੀ

(ੲ) ਸੱਚਾ ਸੌਦਾ ----- (iii) ਚੂਹੜ ਕਾਣਾ

(ਸ) ਸਮਕਾਲੀ ਸ਼ਾਸਕ----- (iv) ਅਕਬਰ

(iv) ਧਿਆਨ ਨਾਲ ਪੜ੍ਹੋ ਤੇ ਉੱਤਰ ਦਿਓ:-

1. ਦੂਜੇ ਗੁਰੂ ਸਾਹਿਬ — (i) ਸ੍ਰੀ ਗੁਰੂ ਅਰਜਨ ਦੇਵ ਜੀ

2. ਅੱਠਵੇਂ ਗੁਰੂ ਸਾਹਿਬ — (ii) ਸ੍ਰੀ ਗੁਰੂ ਰਾਮ ਦਾਸ ਜੀ

3. ਚੌਥੇ ਗੁਰੂ ਸਾਹਿਬ — (iii) ਸ੍ਰੀ ਗੁਰੂ ਹਰਕ੍ਰਿਸ਼ਨ ਜੀ

4. ਪੰਜਵੇ ਗੁਰੂ ਸਾਹਿਬ — (iv) ਸ੍ਰੀ ਗੁਰੂ ਅੰਗਦ ਦੇਵ ਜੀ

ਉਪਰੋਕਤ ਦੇ ਅਧਾਰ ਤੇ ਕਿਹੜਾ ਸਹੀ ਹੈ:-

| | 1 | 2 | 3 | 4 |
|---|---|---|---|---|
| (ੳ) | (i) | (ii) | (iii) | (iv) |
| (ਅ) | (iv) | (i) | (ii) | (iii) |
| (ੲ) | (iii) | (ii) | (i) | (iv) |
| (ਸ) | (iv) | (iii) | (ii) | (i) |

(v) ਕਿਸ ਗੁਰੂ ਸਾਹਿਬਾਨ ਨੇ 2200 ਘੋੜ ਸਵਾਰਾਂ ਦੀ ਸੈਨਾ ਤਾਂ ਰੱਖੀ, ਪਰ ਕਦੇ ਯੁੱਧ ਨਹੀ ਕੀਤਾ?

(ੳ) ਸ੍ਰੀ ਗੁਰੂ ਰਾਮ ਦਾਸ ਜੀ — (ਅ)ਸ੍ਰੀ ਗੁਰੂ ਅੰਗਦ ਦੇਵ ਜੀ

(ੲ) ਸ੍ਰੀ ਗੁਰੂ ਹਰਿਰਾਏ ਜੀ — (ਸ)ਸ੍ਰੀ ਗੁਰੂ ਅਮਰਦਾਸ ਜੀ

(vi) (1) ਆਪ ਜੀ ਨੂੰ ਬੰਦੀ ਛੋੜ ਬਾਬਾ ਕਿਹਾ ਜਾਂਦਾ ਹੈ।

(2) ਆਪ ਜੀ ਨੇ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਕਰਵਾਈ।

ਉਪਰੋਕਤ ਵਾਕ ਕਿਸ ਨਾਲ ਸਬੰਧਿਤ ਹਨ:-

(ੳ) ਸ੍ਰੀ ਗੁਰੂ ਅਰਜਨ ਦੇਵ ਜੀ — (ਅ) ਸ੍ਰੀ ਗੁਰੂ ਹਰਗੋਬਿੰਦ ਜੀ

(ੲ) ਸ੍ਰੀ ਗੁਰੂ ਤੇਗਬਹਾਦਰ ਜੀ — (ਸ) ਸ੍ਰੀ ਗੁਰੂ ਅੰਗਦ ਦੇਵ ਜੀ

(vii) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਕਦੋਂ ਹੋਇਆ?

(ੳ) 1633 ਈ. — (ਅ) 1666 ਈ.

(ੲ) 1677 ਈ. — (ਸ) 1699 ਈ.

(viii) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਫ਼ਰਨਾਮਾ ਕਿਸ ਸਥਾਨ 'ਤੇ ਲਿਖਿਆ?

(ੳ) ਅਨੰਦਪੁਰ ਸਾਹਿਬ — (ਅ) ਦੀਨਾ ਕਾਂਗੜ

(ੲ) ਆਲਮਗੀਰ — (ਸ) ਮਾਛੀਵਾੜਾ

(ix) 1. ਭਾਈ ਤਾਰੂ ਸਿੰਘ ਨੂੰ ਲਾਹੌਰ ਵਿਖੇ ਸ਼ਹੀਦ ਕੀਤਾ ਗਿਆ।

2. ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਨੇ ਮੱਸੇ ਰੰਗੜ ਦਾ ਸਿਰ ਵੱਢਿਆ ਸੀ।

3. ਭਾਈ ਸੁਬੇਗ ਸਿੰਘ ਤੇ ਭਾਈ ਸ਼ਾਹਬਾਜ ਸਿੰਘ ਨੂੰਚਰਖੜੀਆਂ ਤੇ ਚਾੜ੍ਹ ਕੇ ਸ਼ਹੀਦ ਕੀਤਾ ਗਿਆ।

4. ਭਾਈ ਮਨੀ ਸਿੰਘ ਦਾ ਬੰਦ-ਬੰਦ ਕੱਟਕੇ ਸ਼ਹੀਦ ਕੀਤਾ ਗਿਆ।

ਉਪਰੋਕਤ ਦੇ ਅਧਾਰ ਤੇ ਸਹੀ ਉੱਤਰ ਚੁਣੋ:-

(ੳ) 1 ਤੇ 3 ਸਹੀ ਹਨ — (ਅ) 2 ਤੇ 3 ਸਹੀ ਹਨ

(ੲ) ਸਾਰੇ ਸਹੀ ਹਨ — (ਸ) ਸਾਰੇ ਗਲਤ ਹਨ

(x) ਮਹਾਰਾਜਾ ਰਣਜੀਤ ਸਿੰਘ ਦੇ ਵਿੱਤ ਮੰਤਰੀ ਦਾ ਨਾਂ ਕੀ ਸੀ?

(ੳ) ਭਵਾਨੀ ਦਾਸ (ਅ) ਹਰੀ ਸਿੰਘ ਨਲੂਆ

(ੲ) ਫਕੀਰ ਅਜੀਜ਼ੁਦੀਨ (ਸ) ਧਿਆਨ ਸਿੰਘ

(xi) ਤ੍ਰੈ ਪੱਖੀ ਸੰਧੀ ਵਿੱਚ ਕਿਹੜੀ ਧਿਰ ਸ਼ਾਮਿਲ ਨਹੀਂ ਸੀ?

(ੳ) ਅੰਗਰੇਜ਼ (ਅ) ਮਹਾਰਾਜਾ ਰਣਜੀਤ ਸਿੰਘ

(ੲ) ਅਹਿਮਦ ਸ਼ਾਹ ਅਬਦਾਲੀ (ਸ) ਸ਼ਾਹਸੁਜਾ

(xii) ਆਹਲੂਵਾਲੀਆ ਮਿਸਲ ਦਾ ਮੋਢੀ ਕੌਣ ਸੀ?

(ੳ) ਭਾਗ ਸਿੰਘ (ਅ) ਜੱਸਾ ਸਿੰਘ

(ੲ) ਜੋਧ ਸਿੰਘ (ਸ) ਹਰੀ ਸਿੰਘ

(xiii) ਮਹਾਰਾਜਾ ਰਣਜੀਤ ਸਿੰਘ ਦਾ ਜਨਮ ਕਦੋਂ ਹੋਇਆ?

(ੳ) 1770 ਈ. (ਅ) 1775 ਈ.

(ੲ) 1780 ਈ. (ਸ) 1785 ਈ.

(xiv) ਮਹਾਰਾਜਾ ਰਣਜੀਤ ਸਿੰਘ ਨੇ ਮਾਲਵਾ 'ਤੇ ਕਿੰਨੇ ਹਮਲੇ ਕੀਤੇ?

(ੳ) ਦੋ (ਅ) ਤਿੰਨ

(ੲ) ਚਾਰ (ਸ) ਪੰਜ

(xv) ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਸ਼ਾਹੀ ਮੋਹਰ 'ਤੇ ਕਿਹੜੇ ਸ਼ਬਦ ਉੱਕਰੇ ਹੋਏ ਸਨ?

(ੳ) ਨਾਨਕ ਸਹਾਇ (ਅ) ਗੋਬਿੰਦ ਸਹਾਇ

(ੲ) ਤੇਗ ਸਹਾਇ (ਸ) ਅਕਾਲ ਸਹਾਇ

(xvi) ਪਹਿਲੇ ਐਂਗਲੋ–ਸਿੱਖ ਯੁੱਧ ਸਮੇਂ ਪੰਜਾਬ ਦਾ ਮਹਾਰਾਜਾ ਕੌਣ ਸੀ?

(ੳ) ਮਹਾਰਾਜਾ ਰਣਜੀਤ ਸਿੰਘ (ਅ) ਮਹਾਰਾਜਾ ਸ਼ੇਰ ਸਿੰਘ

(ੲ) ਮਹਾਰਾਜਾ ਖੜਕ ਸਿੰਘ (ਸ) ਮਹਾਰਾਜਾ ਦਲੀਪ ਸਿੰਘ

(xvii) ਮੁਦਕੀ ਦੀ ਲੜਾਈ ਕਦੋਂ ਲੜੀ ਗਈ?

(ੳ) 12 ਦਸੰਬਰ, 1844 (ਅ) 12 ਦਸੰਬਰ, 1845

(ੲ) 18 ਦਸੰਬਰ, 1844 (ਸ) 18ਦਸੰਬਰ, 1845

(xviii) ਦੂਜੇ ਐਂਗਲੋ – ਸਿੱਖ ਯੁੱਧ ਸਮੇਂ ਪੰਜਾਬ ਦਾ ਗਵਰਨਰ-ਜਨਰਲ ਕੌਣ ਸੀ?

(ੳ) ਲਾਰਡ ਰਿਪਨ (ਅ) ਲਾਰਡ ਡਲਹੌਜ਼ੀ

(ੲ) ਲਾਰਡ ਹਾਰਡਿੰਗ (ਸ) ਲਾਰਡ ਕਾਰਨਵਾਲਿਸ

(xix) ਸਰਦਾਰ ਚਤਰ ਸਿੰਘ ਅਟਾਰੀ ਵਾਲਾ ਕਿੱਥੋਂ ਦਾ ਨਾਜ਼ਿਮ ਸੀ?

(ੳ) ਮੁਲਤਾਨ (ਅ) ਪਿਸ਼ਾਵਰ

(ੲ) ਹਜ਼ਾਰਾ (ਸ) ਕਸ਼ਮੀਰ

(xx) ਮਹਾਰਾਜਾ ਦਲੀਪ ਸਿੰਘ ਦੀ ਮੌਤ ਕਿੱਥੇ ਹੋਈ ਸੀ?

(ੳ) ਪੰਜਾਬ (ਅ) ਦਿੱਲੀ

(ੲ) ਪੈਰਿਸ (ਸ) ਲੰਡਨ

## ਭਾਗ (ਅ)

2. **ਹਰੇਕ ਪ੍ਰਸ਼ਨ ਦਾ ਉੱਤਰ ਇੱਕ ਸ਼ਬਦ ਜਾਂ ਲਾਇਨ ਵਿੱਚ ਦਿਓ:-** 2 x 10 = 20

**ਖਾਲੀ ਥਾਵਾਂ ਭਰੋ:-**

(i) ਦੁਆਬ ਸ਼ਬਦ ਤੋ ਕੀ ਭਾਵ ________ਹੈ।

(ii) ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਵੱਡੇ ਪੁੱਤਰ ਦਾ ਨਾਮ ___________ਸੀ।

(iii) ਮਸੰਦ ਪ੍ਰਥਾ ਦੀ ਸਥਾਪਨਾ __________ ਨੇ ਕੀਤੀ?

**ਠੀਕ ਜਾਂ ਗ਼ਲਤ ਲਿਖੋ:-**

(iv) ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ 1666 ਈ. ਵਿੱਚ ਜੋਤੀ ਜੋਤ ਸਮਾਏ ਸਨ।

(v) ਗੁਰੂ ਤੇਗ਼ ਬਹਾਦਰ ਜੀ ਦਾ ਮੁੱਢਲਾ ਨਾਂ ਤਿਆਗ ਮੱਲ ਸੀ।

(vi) ਦਲ ਖਾਲਸਾ ਦੀ ਸਥਾਪਨਾ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਸੀ।

**ਸਹੀ ਮਿਲਾਨ ਕਰੋ:-**

| | |
|---|---|
| (vii) ਅਨੰਦ ਸਾਹਿਬ | (ੳ) ਸ੍ਰੀ ਗੁਰੂ ਅਰਜਨ ਦੇਵ ਜੀ |
| (viii) ਜਪੁਜੀ ਸਾਹਿਬ | (ਅ) ਸ੍ਰੀ ਗੁਰੂ ਰਾਮਦਾਸ ਜੀ |
| (ix) ਲਾਵਾਂ | (ੲ) ਸ੍ਰੀ ਗੁਰੂ ਨਾਨਕ ਦੇਵ ਜੀ |
| (x) ਸੁਖਮਨੀ ਸਾਹਿਬ | (ਸ) ਸ੍ਰੀ ਗੁਰੂ ਅਮਰਦਾਸ ਜੀ |

## ਭਾਗ (ੲ)

3. **ਹੇਠ ਦਿੱਤੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹ ਕੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ:-** 2 x 4 = 8

ਸਰਹਿੰਦ 'ਤੇ ਕਬਜਾ ਕਰਨ ਤੋਂ ਮਗਰੋਂ ਬੰਦਾ ਸਿੰਘ ਨੇ ਬਾਜ ਸਿੰਘ ਬੰਗੇਸ਼ਰੀ ਨੂੰ ਸਰਹਿੰਦ ਦਾ ਸੂਬੇਦਾਰ ਅਤੇ ਆਲੀ ਸਿੰਘ ਸਲੌਦੀ ਵਾਲੇ ਨੂੰ ਨਾਇਬ ਸੂਬੇਦਾਰ ਤਨਾਇਤ ਕੀਤਾ। ਬੰਦਾ ਸਿੰਘ ਨੇ 27 ਮਈ 1710 ਦੇ ਦਿਨ ਕਿਲ੍ਹੇ ਦੇ ਬਾਹਰ ਆਮ ਲੋਕਾਂ ਦਾ ਇੱਕ ਇਕੱਠ ਬੁਲਾਇਆ ਅਤੇ ਲੋਕ ਰਾਜ ਦਾ ਐਲਾਨ ਕਰ ਦਿੱਤਾ । ਉਸ ਨੇ ਇਹ ਵੀ ਕਿਹਾ ਕਿ ਜ਼ਮੀਨ ਦਾ ਮਾਲਕ ਕਾਸ਼ਤਕਾਰ ਹੀ ਹੋਵੇਗਾ ਅਤੇ ਉਹ ਸਿਰਫ਼ ਇੱਕ ਤਿਹਾਈ ਵਟਾਈ ਸਰਕਾਰ ਨੂੰ ਬੰਦਨ ਵਜੋਂ ਦੇਵੇਗਾ। ਬੰਦਾ ਸਿੰਘ ਨੇ ਜ਼ਮੀਨ ਦਾਰੀ ਸਿਸਟਮ ਉੱਕਾ ਹੀ ਖ਼ਤਮ ਕਰਨ ਦਾ ਵੀ ਐਲਾਨ ਕਰ ਦਿੱਤਾ । ਇਹ ਬੰਦ ਸਿੰਘ ਹੀ ਸੀ ਜਿਸ ਨੇ 'ਦਲਿਤ ਜਾਣੇ ਜਾਂਦੇ, ਹੀਣੇ ਤੇ ਨਿਗੂਣੇ ਜਿਹੇ ਕਿਸਾਨਾਂ ਨੂੰ ਜੱਟ ਅਤੇ ਜ਼ਮੀਨਾਂ ਦੇ ਮਾਲਿਕ ਬਣਾ ਦਿੱਤਾ ਸੀ। ਇਹ ਗੱਲ ਕਾਬਲ ਜ਼ਿਕਰ ਹੈ ਕਿ ਦੁਨੀਆਂ ਭਰ ਵਿੱਚ ਜਾਗੀਰਦਾਰੀ ਦਾ ਸਭ ਤੋਂ ਪਹਿਲਾਂ ਖਾਤਮਾ 'ਬਾਬਾ ਬੰਦਾ ਸਿੰਘ ਨੇ ਕੀਤਾ ਸੀ।

**ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :**

1. ਇਸ ਪੈਰ੍ਹੇ ਵਿੱਚ ਆਏ ਸ਼ਬਦ 'ਲੋਕ ਰਾਜ 'ਤੋਂ ਕੀ ਭਾਵ ਹੈ? 2
2. ਇਸ ਪੈਰ੍ਹੇ ਅਨੁਸਾਰ ਜਮੀਨ ਦਾ ਮਾਲਕ ਕੌਣ ਹੋਵੇਗਾ? 2
3. ਇਸ ਪੈਰ੍ਹੇ ਅਨੁਸਾਰ ਜਾਗੀਰਦਾਰੀ ਦਾ ਸਭ ਤੋਂ ਪਹਿਲਾਂ ਖਾਤਮਾ ਕਿਸ ਨੇ ਕੀਤਾ? 2
4. ਕਾਸ਼ਤਕਾਰ ਸ਼ਬਦ ਦਾ ਕੀ ਅਰਥ ਹੈ? 2

## ਭਾਗ (ਸ)

4. **ਕੋਈ ਚਾਰ ਪ੍ਰਸ਼ਨ ਕਰੋ। ਹਰੇਕ ਪ੍ਰਸ਼ਨ ਦਾ ਉੱਤਰ 30 - 40 ਸ਼ਬਦਾਂ ਵਿੱਚ ਦਿਓ:-** **3 x 4= 12**

(i) ਗੁਰਮੁਖੀ ਲਿਪੀ ਨੂੰ ਸ਼੍ਰੀ ਗੁਰੂ ਅੰਗਦ ਦੇਵ ਜੀ ਦੇ ਯੋਗਦਾਨ ਦੀ ਚਰਚਾ ਕਰੋ।

(ii) ਮੰਜੀ ਪ੍ਰਥਾ 'ਤੇ ਨੋਟ ਲਿਖੋ।

(iii) ਸ਼੍ਰੀ ਅਕਾਲ ਤਖਤ ਸਾਹਿਬ 'ਤੇ ਨੋਟ ਲਿਖੋ।

(iv) ਬਾਬਾ ਬੁੱਢਾ ਜੀ 'ਤੇ ਨੋਟ ਲਿਖੋ।

(v) ਅਕਾਲੀ ਫੂਲਾ ਸਿੰਘ ਕੌਣ ਸੀ ?

(vi) ਬੁੱਢਾ ਦਲ ਅਤੇ ਤਰੁਣਾ ਦਲ ਤੋ ਕੀ ਭਾਵ ਹੈ ?

(vii) ਦਿੱਤੇ ਗਏ ਪੰਜਾਬ ਦੇ ਮਾਨ - ਚਿੱਤਰ ਵਿੱਚ ਬੰਦਾ ਸਿੰਘ ਬਹਾਦਰ ਦੀਆਂ ਲੜਾਈਆਂ ਦੇ ਕੋਈ ਤਿੰਨ ਸਥਾਨ ਭਰੋ।

(viii) ਦਿੱਤੇ ਗਏ ਪੰਜਾਬ ਦੇ ਮਾਨ - ਚਿੱਤਰ ਵਿੱਚ ਦੂਜੇ ਐਂਗਲੋ-ਸਿੱਖ ਯੁੱਧ ਦੀਆਂ ਲੜਾਈਆਂ ਦੇ ਕੋਈ ਤਿੰਨ ਸਥਾਨ ਭਰੋ।

**ਕੇਵਲ ਨੇਤਰਹੀਣਵਿਦਿਆਰਥੀਆਂ ਲਈ ਪ੍ਰਸ਼ਨ ਨੰਬਰ vii ਅਤੇ viii ਦੇ ਸਥਾਨ 'ਤੇ**

(vii) ਵੱਡੇ ਘੱਲੂਘਾਰੇ 'ਤੇ ਨੋਟ ਲਿਖੋ।

(viii) ਮਹਾਰਾਜਾ ਰਣਜੀਤ ਸਿੰਘ ਨੂੰ ਸ਼ੇਰੇ ਪੰਜਾਬ ਕਿਉ ਕਿਹਾ ਜਾਂਦਾ ਹੈ?